ਅੱਜ ਦੀ ਆਵਾਜ਼

# ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਇਕੱਤਰਤਾ

ਸਮਾਲਸਰ, 5 ਫਰਵਰੀ (ਕੰਵਲਜੀਤ ਸਿੰਘ ਭੋਲਾ)- ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਇੱਕ ਵਿਸ਼ੇਸ਼ ਇਕੱਤਰਤਾ ਸਮਾਲਸਰ ਵਿਖੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਕਾਲੇਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬੁਲਾਰਿਆਂ ਨੇ ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਕਮੇਟੀ ਵੱਲੋਂ ਲਏ ਗਰੀਬ ਲੋਕਾਂ ਦੇ ਵਿਰੋਧੀ ਫੈਸਲਿਆਂ ਸਬੰਧੀ 400 ਯੂਨਿਟ ਤੋਂ 200 ਯੂਨਿਟ ਪ੍ਰਤੀ ਬਿੱਲ ਖਤਮ ਕਰਕੇ ਹੋਰ ਬਿੱਲ ਲਗਾਉਣੇ, ਬੱਸ ਕਿਰਾਏ ਵਿੱਚ ਵਾਧਾ ਕਰਨਾ, ਆਟਾ-ਦਾਲ ਸਕੀਮ ਪ੍ਰਤੀ ਪਰਿਵਾਰ 10 ਕਿਲੋ ਕਣਕ ਦੀ ਕਟੌਤੀ ਕਰਨੀ ਅਤੇ ਦਾਲਾਂ ਦਾ ਮੁਕੰਮਲ ਬੰਦ ਕਰਨਾ ਵੈਟ ਟੈਕਸ ਲਾਉਣਾ ਅਤੇ ਸਕੂਲੀ ਬੱਚਿਆਂ ਦੀਆਂ ਫੀਸਾਂ ਵਿੱਚ ਭਾਰੀ ਵਾਧਾ ਕਰਨਾ ਅਤੇ ਕਿਸਾਨੀ ਮੋਟਰਾਂ ਦੇ ਬਿੱਲ ਲਾਉਣਾ ਆਦਿ ਫੈਸਲਿਆਂ ਨੇ ਲੋਕਾਂ ਉੱਪਰ ਲਾਗੂ ਕਰਨਾ ਮੰਦਭਾਗਾ ਦੱਸਿਆ। ਬੁਲਾਰਿਆਂ ਜਿਸ ਵਿੱਚ ਦਰਸ਼ਨ ਸਿੰਘ ਘੋਲੀਆ ਨਾਹਰ ਸਿੰਘ, ਦਰਸ਼ਨ ਸਿੰਘ ਸਮਾਲਸਰ, ਹੰਸਾ ਸਿੰਘ ਸਮਾਲਸਰ, ਗੁਰਜੰਟ ਸਿੰਘ ਸਮਾਲਸਰ, ਕਾਕਾ ਸਿੰਘ ਆਦਿ ਨੇ ਕਿਹਾ ਕਿ ਇਨ੍ਹਾਂ ਲੋਕ ਵਿਰੋਧੀ ਫੈਸਲਿਆਂ ਨੂੰ ਰੱਦ ਕਰਵਾਉਣ ਲਈ ਜ਼ਿਲ੍ਹੇ ਅੰਦਰ ਖੇਤ ਮਜ਼ਦੂਰ ਯੂਨੀਅਨ ਵੱਲੋਂ ਮੀਟਿੰਗਾਂ ਦਾ ਜ਼ੋਰ ਹੈ ਅਤੇ ਇਸ ਸੰਬੰਧੀ ਰੈਲੀਆਂ ਮੁਜ਼ਾਹਰੇ 8 ਫਰਵਰੀ ਨੂੰ ਡੀ.ਸੀ. ਦਫਤਰ ਮੋਗਾ ਸਾਹਮਣੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਉਨ੍ਹਾਂ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਜ਼ਿਲ੍ਹੇ ਦੇ ਪਿੰਡ ਮੱਦੋਕੇ ਵਿਖੇ ਰੂੜੀਆ ਪਾਥੀਆ ਵੱਲੋਂ ਧਰਮਸ਼ਾਲਾ ਬਣਾਉਣ ਦੀ ਆੜ ਹੇਠ ਮਜ਼ਦੂਰਾਂ ਉਪਰ ਦਬਾਅ ਪਾਇਆ ਜਾ ਰਿਹਾ ਹੈ, ਦੀ ਵੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਚਮਕੌਰ ਸਿੰਘ ਅਤੇ ਹੋਰ ਵਿਅਕਤੀਆਂ 'ਤੇ ਪਰਚਾ ਦਰਜ ਕਰਨ ਦੀ ਵੀ ਨਿਖੇਧੀ ਕਰਦਿਆਂ ਪਰਚਾ ਰੱਦ ਕਰਨ ਦੀ ਮੰਗ ਕੀਤੀ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀ ਦੇ ਹੁਕਮ

ਫਿਰੋਜ਼ਪੁਰ, 5 ਫਰਵਰੀ (ਜੀ ਐੱਸ ਕਾਲੜਾ)-ਸ੍ਰੀ ਕਮਲ ਕਿਸ਼ੋਰ ਯਾਦਵ ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਦੇ ਹੁਕਮ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੈਂਦੀ ਅੰਤਰ ਰਾਸ਼ਟਰੀ ਸੀਮਾ ਤੇ ਦੇਸ਼ ਵਿਰੋਧੀ ਗਤੀਵਿਧੀਆਂ ਰੋਕਣ ਲਈ ਫੌਜਦਾਰੀ ਜ਼ਾਬਤਾ ਸੰਘਤਾ 1973 ਜੀ ਧਾਰਾ 144 ਅਧੀਨ ਸਰਹੱਦ ਤੇ ਬਿਲਕੁਲ ਨਾਲ ਲੱਗਦੇ ਪਿੰਡਾਂ ਵਿੱਚੋਂ ਕੋਈ ਵੀ ਵਿਅਕਤੀ ਸ਼ਾਮ ਸਾਢੇ 7 ਵਜੇ ਤੋਂ ਸਵੇਰੇ ਦੇ 6 ਵਜੇ ਤੱਕ ਨਹਿਰਾਂ, ਡਰੇਨਾਂ, ਡਿਸਟਰੀਬਿਊਟਰੀਆਂ, ਵਾਟਰ ਚੈਨਲਾਂ ਅਤੇ ਰੇਲਵੇ ਲਾਈਨਾਂ ਤੇ 100 ਮੀਟਰ ਦੇ ਘੇਰੇ ਅੰਦਰ ਆਮ ਲੋਕਾਂ ਵੱਲੋਂ ਸ਼ਾਮੀ 7 ਵਜੇ ਤੋਂ ਸਵੇਰੇ 6 ਵਜੇ ਤੱਕ ਚੱਲਣ ਫਿਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ, ਪਰ ਇਹ ਹੁਕਮ ਹੋਮ ਗਾਰਡ, ਪੁਲਿਸ, ਬੀ.ਐੱਸ.ਐੱਫ. ਮਿਲਟਰੀ ਦਾ ਕੰਮ ਕਰਨ ਵਾਲੇ ਅਤੇ ਮਜ਼ਦੂਰਾਂ 'ਤੇ ਲਾਗੂ ਨਹੀਂ ਹੋਵੇਗਾ, ਪਰ ਇਨ੍ਹਾਂ ਪਾਸ ਮਿਲਟਰੀ ਅਥਾਰਟੀ ਵੱਲੋਂ ਜਾਰੀ ਕੀਤਾ ਗਿਆ ਸ਼ਨਾਖਤੀ ਕਾਰਡ ਜ਼ਰੂਰ ਹੋਣਾ ਚਾਹੀਦਾ ਹੈ।

ਸ੍ਰੀ ਕਮਲ ਕਿਸ਼ੋਰ ਯਾਦਵ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਧਾਰਾ 144 ਅਧੀਨ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਲੱਕੀ ਡਰਾਅ ਦੀਆਂ ਸਕੀਮਾਂ, ਪ੍ਰਾਈਵੇਟ ਲਾਟਰੀਆਂ, ਕਮੇਟੀਆਂ, ਜਿਸ ਵਿੱਚ ਹਫਤਾਵਾਰੀ ਜਾਂ ਮਹੀਨੇਵਾਰੀ ਪੈਸੇ ਇਕੱਠੇ ਕੀਤੇ ਜਾਂਦੇ ਹਨ ਅਤੇ ਡਰਾਅ ਕੱਢੇ ਜਾਂਦੇ ਹਨ ਜਾਂ ਡਰਾਅ ਰਾਹੀਂ ਪੈਸੇ ਇਨਾਮੀ ਵਸਤੂ ਦਿੱਤੀ ਜਾਂਦੀ ਹੈ ਜਾਂ ਬੋਲੀ ਕੀਤੀ ਜਾਂਦੀ ਹੈ ਅਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਂਦੀ ਹੈ। ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਨੇ ਜ਼ਿਲ੍ਹਾ ਫਿਰੋਜ਼ਪੁਰ ਦੀ ਹਦੂਦ ਅੰਦਰ ਰਹਿੰਦੇ ਮਾਲਕ ਮਕਾਨਾਂ, ਮਕਾਨਾਂ, ਉਪਰ ਕਾਬਜ਼ ਵਿਅਕਤੀਆਂ ਅਤੇ ਮਕਾਨ ਦੇ ਇੰਚਾਰਜ ਵਿਅਕਤੀਆਂ ਨੂੰ ਇਨਾਮ ਜਾਰੀ ਕੀਤਾ ਗਿਆ ਹੈ ਕਿ ਉਹ ਉਨ੍ਹਾਂ ਵਿਅਕਤੀਆਂ ਦੇ ਨਾਮ ਅਤੇ ਪਤੇ ਆਪਣੇ ਇਲਾਕੇ ਦੇ ਥਾਣੇ ਜਾਂ ਪੁਲਿਸ ਚੌਕੀ ਵਿੱਚ ਤੁਰੰਤ ਦਰਜ ਕਰਾਉਣ, ਜੋ ਉਨ੍ਹਾਂ ਦੇ ਮਕਾਨਾਂ ਵਿੱਚ ਰਹਿ ਰਹੇ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਇੱਕ ਹੁਕਮ ਜਾਰੀ ਕਰਕੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਵਿਆਹ ਸ਼ਾਦੀ ਜਾਂ ਹੋਰ ਸਮਾਰੋਹਾਂ ਦੇ ਸਮੇਂ ਮੈਰਿਜ ਪੈਲੇਸਾਂ ਵਿੱਚ ਹਥਿਆਰ ਲੈ ਕੇ ਚੱਲਣ 'ਤੇ ਪਾਬੰਦੀ ਲਗਾਈ ਗਈ ਹੈ। ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਨੇ ਦਫਾ 144 ਅਧੀਨ ਜਨਤਕ ਥਾਵਾਂ ਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਜਨਤਕ ਥਾਵਾਂ 'ਤੇ ਕਿਸੇ ਵਿਅਕਤੀ ਵੱਲੋਂ ਨਾਹਰੇ ਲਗਾਉਣ, ਜਨਤਕ ਥਾਵਾਂ 'ਤੇ ਮੀਟਿੰਗਾਂ ਕਰਨ 'ਤੇ ਪਾਬੰਦੀ ਲਗਾਈ ਗਈ ਹੈ।

ਸ੍ਰੀ ਕਮਲ ਕਿਸ਼ੋਰ ਯਾਦਵ ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਨੇ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਹੁਕਮ ਜਾਰੀ ਕੀਤਾ ਹੈ ਕਿ ਕੋਈ ਵੀ ਵਿਅਕਤੀ ਰਿਕਸ਼ਾ,ਟਰੈਕਟਰ, ਟਰਾਲੀ, ਰੇਹੜੀ ਅਤੇ ਹੋਰ ਵੀ ਗੱਡੀ ਜਿਸ ਦੇ ਪਿੱਛੇ ਲਾਈਟਾਂ ਨਹੀਂ ਹਨ, ਉਹ ਲਾਲ ਰੰਗ ਦੇ ਰਿਫਲੈਕਟਰ ਜਾਂ ਕੋਈ ਆਈ ਗਲਾਸ ਜਾਂ ਚਮਕਦਾਰ ਟੇਪ ਫਿੱਟ ਕਰਵਾਏ, ਬਿਨਾਂ ਨਹੀਂ ਚਲਾਏਗਾ। ਇਹ ਸਾਰੇ ਹੁਕਮ 31 ਮਾਰਚ 2010 ਤੱਕ ਲਾਗੂ ਰਹਿਣਗੇ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 36ਵੀਂ ਸਲਾਨਾ ਕਨਵੋਕੇਸ਼ਨ 27 ਨੂੰ

ਅੰਮ੍ਰਿਤਸਰ, 5 ਫਰਵਰੀ (ਮੋਤਾ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 27 ਫਰਵਰੀ ਨੂੰ 36ਵੀਂ ਸਲਾਨਾ ਕਨਵੋਕੇਸ਼ਨ ਮੌਕੇ ਕੈਨੇਡਾ ਦੀ ਯੂਨੀਵਰਸਿਟੀ ਆਫ ਮੈਨੀਟੋਬਾ ਦੇ ਕਾਰਡੀਓ ਵਸਕੁਲਰ ਡਿਵੈਲਪਮੈਂਟ ਸੇਂਟ ਬੋਨੀਫੇਸ ਜਨਰਲ ਹਸਪਤਾਲ ਅਤੇ ਖੋਜ ਕੇਂਦਰ ਦੇ ਡਾਇਰੈਕਟਰ ਡਾ. ਨਿਰੰਜਨ ਸਿੰਘ ਢੱਲਾ ਨੂੰ ਆਨਰੇਰੀ ਡਾਕਟਰ ਆਫ ਸਾਇੰਸ (ਆਨਰਜ਼ ਕਾਜ਼ਾ) ਅਤੇ ਸ਼੍ਰੋਮਣੀ ਕਵੀ ਡਾ. ਸੁਰਜੀਤ ਪਾਤਰ ਨੂੰ ਡਾਕਟਰ ਆਫ ਲਿਟਰੇਚਰ (ਡੀ.ਲਿਟ) ਆਨਰਜ਼ ਕਾਜ਼ਾ ਦੀਆਂ ਡਿਗਰੀਆਂ ਨਾਲ ਸਨਮਾਨਤ ਕੀਤਾ ਜਾਵੇਗਾ। ਇਹ ਡਿੱਗਰੀਆਂ ਉਨ੍ਹਾਂ ਨੂੰ ਉਨ੍ਹਾਂ ਵੱਲੋਂ ਆਪਣੇ-ਆਪਣੇ ਖੇਤਰ ਵਿੱਚ ਪਾਏ ਗਏ ਉੱਘੇ ਯੋਗਦਾਨ ਸਦਕਾ ਪ੍ਰਦਾਨ ਕੀਤੀਆਂ ਜਾਣਗੀਆਂ।

ਇਸ ਬਾਰੇ ਜਾਣਕਾਰੀ ਦਿੰਦਿਆਂ ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਇੰਦਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਗਵਰਨਰ ਅਤੇ ਯੂਨੀਵਰਸਿਟੀ ਦੇ ਚਾਂਸਲਰ, ਮਾਣਯੋਗ ਸ਼ਿਵਰਾਜ ਵੀ.ਪਾਟਿਲ ਇਸ ਮੌਕੇ ਮੁੱਖ ਮਹਿਮਾਨ ਹੋਣਗੇ ਤੇ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ। ਇਸ ਮੌਕੇ ਵਾਈਸ ਚਾਂਸਲਰ ਪ੍ਰੋਫੈਸਰ ਏ.ਐੱਸ.ਬਰਾੜ ਮਹਿਮਾਨਾਂ ਨੂੰ ਜੀ ਆਇਆਂ ਆਖਣਗੇ। ਇਸ ਮੌਕੇ ਵਾਈਸ-ਚਾਂਸਲਰ ਪ੍ਰੋਫੈਸਰ ਏ.ਐੱਸ. ਬਰਾੜ ਮਹਿਮਾਨਾਂ ਨੂੰ ਜੀ ਆਇਆਂ ਆਖਣਗੇ ਅਤੇ ਡਾ. ਨਿਰੰਜਨ ਸਿੰਘ ਢੱਲਾ ਤੇ ਡਾ. ਸੁਰਜੀਤ ਪਾਤਰ ਬਾਰੇ ਸ਼ੋਭਾ ਪੱਤਰ ਪੜ੍ਹਨਗੇ। ਇਸ ਕਨਵੋਕੇਸ਼ਨ ਵਿੱਚ ਪੀ.ਐੱਚ.ਡੀ. ਐੱਮ.ਫਿਲ ਐੱਲ.ਐੱਲ.ਐੱਮ. ਐੱਮ.ਟੈੱਕ ਐੱਮ.ਬੀ.ਏ. ਐੱਮ.ਬੀ.ਈ.ਐੱਮ.ਕਾਮ ਐੱਮ.ਐੱਸ.ਸੀ. ਐੱਮ.ਏ. ਬੀ.ਟੈੱਕ ਬੀ.ਐੱਸ.ਸੀ. ਬੀ.ਸੀ.ਏ. ਬੀ.ਬੀ.ਏ. ਐੱਲ.ਐੱਲ.ਬੀ. ਬੀ.ਕਾਮ ਅਤੇ ਬੀ.ਏ. ਦੇ ਉਮੀਦਵਾਰਾਂ ਨੂੰ ਡਿੱਗਰੀਆਂ ਅਤੇ ਮੈਡਲ ਦਿੱਤੇ ਜਾਣਗੇ।

# ਮਾਰਕਫੈੱਡ ਦੇ ਜ਼ਿਲ੍ਹਾ ਮੈਨੇਜਰ ਸਮੇਤ ਤਿੰਨ ਵਿਅਕਤੀਆਂ 'ਤੇ ਮਾਮਲਾ ਦਰਜ

ਫਿਰੋਜ਼ਪੁਰ, 5 ਫਰਵਰੀ (ਜੀ.ਐੱਸ. ਕਾਲੜਾ)-ਬੀਤੇ ਦਿਨੀਂ ਇੱਕ ਰਿਟਾਇਰਡ ਹੋਏ ਕਰਮਚਾਰੀ ਨੇ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਉਸ ਦੀ ਜੇਬ ਵਿੱਚ ਇੱਕ ਸੂਸਾਈਡ ਨੋਟ ਮਿਲਿਆ। ਮ੍ਰਿਤਕ ਦੇ ਬੇਟੇ ਨੇ ਦੱਸਿਆ ਕਿ ਸਰਵਿਸ ਦੌਰਾਨ ਉਸ ਦੇ ਪਿਤਾ ਤੇ ਅਨਾਜ ਖੁਰਦ ਬੁਰਦ ਕਰਨ ਦਾ ਕੇਸ ਚੱਲ ਰਿਹਾ ਸੀ, ਜਿਸ ਕਰਕੇ ਰਿਟਾਇਰ ਹੋਣ ਦੇ ਦੋ ਸਾਲ ਬਾਅਦ ਵੀ ਉਸ ਦੇ ਬਣਦੇ ਪੈਸੇ ਨਹੀਂ ਮਿਲ ਰਹੇ ਸਨ। ਜਾਣਕਾਰੀ ਮੁਤਾਬਿਕ ਉਸ ਨੇ ਕਿਸੇ ਦੇ ਪੈਸੇ ਦੇਣੇ ਸਨ ਉਹ ਦਬਾਅ ਪਾ ਰਹੇ ਸਨ, ਦੂਜੇ ਪਾਸੇ ਵਿਭਾਗ ਦੇ ਅਧਿਕਾਰੀ ਉਸ ਦੇ ਕੇਸ ਦਾ ਫੈਸਲਾ ਕਰਨ ਵਿੱਚ ਢਿੱਲ ਵਰਤ ਰਹੇ ਸਨ। ਸੂਸਾਈਡ ਨੋਟ ਮੁਤਾਬਿਕ ਉਸ ਨੇ ਅੱਠ ਵਿਅਕਤੀਆਂ ਦਾ ਨਾਂਅ ਲਿਖਿਆ ਕਿ ਇਹ ਲੋਕ ਉਸ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਦੇ ਜ਼ਿੰਮੇਵਾਰ ਹਨ। ਸੂਸਾਈਡ ਨੋਟ ਮੁਤਾਬਿਕ ਉਨ੍ਹਾਂ ਅੱਠ ਵਿਅਕਤੀਆਂ ਦੇ ਥਾਣਾ ਸਦਰ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਪਰ ਕਿਸੇ ਨੂੰ ਵੀ ਅਜੇ ਗ੍ਰਿਫਤਾਰ ਨਹੀਂ ਕੀਤਾ ਗਿਆ।

# ਕੈਂਸਰ ਤੋਂ ਬਚਣ ਲਈ ਜਾਗਰੂਕਤਾ ਦੀ ਲੋੜ-ਸਿਵਲ ਸਰਜਨ

ਕਪੂਰਥਲਾ, 5 ਫਰਵਰੀ (ਵਧਵਾ)-ਅੱਜ ਸਿਹਤ ਵਿਭਾਗ ਕਪੂਰਥਲਾ ਵਲੋਂ ਜ਼ਿਲ੍ਹਾ ਪੱਧਰੀ ਵਿਸ਼ਵ ਕੈਂਸਰ ਦਿਵਸ ਨੂੰ ਸਮਰਪਿਤ ਸਿਵਲ ਸਰਜਨ ਡਾ. ਰਣਬੀਰ ਸਿੰਘ ਦੀ ਯੋਗ ਅਗਵਾਈ ਹੇਠ ਕੈਂਸਰ ਦੀ ਬਿਮਾਰੀ ਤੋਂ ਬਚਣ ਲਈ ਇੱਕ ਨੁਮਾਇਸ਼ ਲਗਾਈ ਗਈ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਡੀ.ਐੱਚ.ਓ. ਡਾ. ਜਗੀਰ ਸਿੰਘ, ਜ਼ਿਲ੍ਹਾ ਸਿਹਤ ਅਫਸਰ ਡਾ. ਗੁਰਇਕਬਾਲ ਸਿੰਘ ਐੱਸ.ਐੱਮ.ਓ. ਡਾ. ਰਾਜ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਜ਼ਿਲ੍ਹਾ ਮਾਸ ਮੀਡੀਆ ਅਫਸਰ ਪ੍ਰਗਟ ਸਿੰਘ ਨੇ ਇਸ ਮੌਕੇ ਤੇ ਆਏ ਹੋਏ ਲੋਕਾਂ ਨੂੰ ਕੈਂਸਰ ਬਿਮਾਰੀ ਤੋਂ ਬਚਾ ਲਈ। ਜਾਗਰੂਕ ਕਰਦੇ ਹੋਏ ਕਿਹਾ ਕਿ ਇਹ ਇੱਕ ਭਿਆਨਕ ਬਿਮਾਰੀ ਹੈ ਜੋ ਪ੍ਰਦੂਸ਼ਨ ਫਸਲਾਂ ਤੇ ਵੱਧ ਰਹੀ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਤੰਬਾਕੂ ਦਾ ਸੇਵਨ ਕਰਨ ਨਾਲ ਅਤੇ ਅਸ਼ੁੱਧ ਖੁਰਾਕ ਲੈਣ ਨਾਲ ਹੁੰਦੀ ਹੈ।

ਇਸ ਦਿਵਸ ਸਬੰਧੀ ਸਿਵਲ ਸਰਜਨ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਖਾਸ ਕਰਕੇ ਮਾਲਵਾ ਬੈਲਟ ਤੋਂ ਇਹ ਬਿਮਾਰੀ ਜ਼ਿਆਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਨੁਮਾਨ ਅਨੁਸਾਰ ਦੁਨੀਆਂ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਨੁਮਾਨ ਅਨੁਸਾਰ ਦੁਨੀਆਂ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਚਿੰਨ ਸਰੀਰ ਤੇ ਕੋਈ ਗਿਲਟੀ ਦਾ ਵੱਧਦਾ ਜ਼ਖਮ ਦਾ ਠੀਕ ਨਾ ਹੋਣਾ, ਆਵਾਜ਼ ਵਿੱਚ ਤਬਦੀਲੀ ਆਉਣੀ, ਰੋਟੀ, ਪਾਣੀ ਨਿਗਲਣ ਵਿੱਚ ਤਕਲੀਫ, ਸਰੀਰ ਤੇ ਕਿਸੇ ਤਿੱਲ, ਮੱਸੇ ਦਾ ਵੱਧਣਾ, ਪਿਸ਼ਾਬ ਦੇ ਰਸਤੇ ਖੂਨ ਆਉਣਾ, ਭੁੱਖ ਨਾ ਲੱਗਣਾ ਆਦਿ ਲਛਣ ਹਨ। ਉਨ੍ਹਾਂ ਖਾਸ ਕਰਕੇ ਔਰਤ ਨੂੰ ਜਾਗਰੂਕ ਹੋਣ ਲਈ ਕਿਹਾ ਕਿ ਜੇਕਰ ਮਹਾਂਵਾਰੀ ਆਉਣ ਵਿੱਚ ਤਕਲੀਫ ਹੈ, ਛਾਤੀ ਵਿੱਚ ਗਿਲਟੀ ਹੈ ਜਾਂ ਪਾਣੀ ਜਾਂ ਖੂਨ ਆਉਣਾ ਤਾਂ ਤੁਰੰਤ ਨੇੜੇ ਹਸਪਤਾਲ ਵਿੱਚ ਡਾਕਟਰ ਕੋਲੋਂ ਚੈੱਕ ਕਰਵਾਓ।

# ਗਰੀਬਾਂ ਦੀ ਸਰਕਾਰਾਂ ਨੂੰ ਨਹੀਂ ਕੋਈ ਚਿੰਤਾ

ਸ਼ਾਹਕੋਟ, 5 ਫਰਵਰੀ (ਜਿੰਦਰਪਾਲ ਸਿੰਘ)-ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਸੂਬਾ ਕਮੇਟੀ ਨੇ ਰਸੋਈ ਗੈਸ, ਪੈਟਰੋਲ, ਡੀਜ਼ਲ ਅਤੇ ਮਿੱਟੀ ਦੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਕਰਨ ਦੀ ਤਜਵੀਜ਼ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲਵੀ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਲੋਕ ਮਾਰੂ ਅਜਿਹੇ ਕਦਰਾਂ-ਕੀਮਤਾਂ ਰਾਹੀਂ ਗਰੀਬ ਲੋਕਾਂ ਦੇ ਮੂੰਹੋਂ ਰੁੱਖੀ ਰੋਟੀ ਵੀ ਖੋਹਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਨਿੱਤ ਵਰਤੋਂ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ ਨੇ ਪਹਿਲਾਂ ਹੀ ਗਰੀਬ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ। ਉਪਰੋਂ ਆਏ ਦਿਨ ਸਰਕਾਰ ਵੱਲੋਂ ਅਜਿਹੀ ਕਦਮਾਂ ਰਾਹੀਂ ਲਏ ਜਾ ਰਹੇ ਫੈਸਲੇ ਗਰੀਬਾਂ ਨੂੰ ਭੁੱਖੇ ਮਾਰਨ ਲਈ ਹਨ।

# ਸ੍ਰੀ ਅਕਾਲ ਤਖਤ ਮਹਾਨ ਹੈ ਪਰ...

ਲੁਧਿਆਣਾ, 5 ਫਰਵਰੀ (ਰਾਜ ਜੋਸ਼ੀ)-ਸ਼੍ਰੋਮਣੀ ਖਾਲਸਾ ਪੰਚਾਇਤ (ਰਜਿ.) ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਜੋਂ ਜੋ ਅਕਾਲ ਤਖਤ ਸਾਹਿਬ ਦੀ ਆੜ ਹੇਠ ਗੁਰਸਿੱਖਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਸ ਦਾ ਸਖਤ ਨੋਟਿਸ ਲਿਆ ਅਤੇ ਤਾੜਨਾ ਕੀਤੀ ਕਿ ਐਸੀਆਂ ਹੋਛੀਆਂ ਹਰਕਤਾਂ ਤੋਂ ਬਾਜ ਆਇਆ ਜਾਵੇ। ਖਾਲਸਾ ਪੰਚਾਇਤ ਲੁਧਿਆਣਾ ਦੇ ਕਨਵੀਨਰ ਭੁਪਿੰਦਰ ਸਿੰਘ ਨਿਮਾਣਾ ਨੇ ਜਾਰੀ ਕੀਤੇ ਪ੍ਰੈੱਸ ਨੋਟ ਰਾਹੀਂ ਕਿਹਾ ਕਿ ਜਿਸ ਤਰ੍ਹਾਂ ਆਰ.ਐੱਸ.ਐੱਸ. ਦੇ ਹੱਥ ਠੋਕੇ ਪ੍ਰਕਾਸ਼ ਸਿੰਘ ਬਾਦਲ ਦੇ ਹੱਥਾਂ ਦੀ ਕੱਠਪੁਤਲੀ ਬਣੇ ਅਵਤਾਰ ਸਿੰਘ ਮੱਕੜ ਅਤੇ ਬਾਦਲ ਦੇ ਹੋਰ ਝੋਲੀਝੁੱਕਾਂ ਜੋ ਸਿੱਖ ਜਗਤ ਨੂੰ ਲਫਜਾਂ ਦਾ ਹੇਰਫੇਰ ਕਰਕੇ ਇਹ ਕਿਹਾ ਜਾ ਰਿਹਾ ਹੈ ਕਿ ਅਕਾਲ ਤਖਤ ਮਹਾਨ ਹੈ। ਸ. ਨਿਮਾਣਾ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਕਾਲ ਤਖਤ ਮਹਾਨ ਹੈ, ਪਰ ਅਜੋਕੇ ਸਮੇ ਅੰਦਰ ਉਸ ਉੱਤੇ ਕਾਬਜ (ਬਾਦਲ ਕੇ) ਸ਼ੈਤਾਨ ਹੈ ਅਤੇ ਦੁਨੀਆਂ ਭਰ ਦੇ ਲੋਕ ਅਤੇ ਵਿਸ਼ੇਸ਼ ਤੌਰ ਤੇ ਸਮੁੱਚਾ ਸਿੱਖ ਜਗਤ ਇਹ ਜਾਣਦਾ ਹੈ ਕਿ ਹੁਕਮਨਾਮਾ ਅਕਾਲ ਤਖਤ ਸਾਹਿਬ ਦੇ ਜੱਥੇਦਾਰਾਂ ਵੱਲੋਂ ਨਹੀਂ ਬਲਕਿ ਇਸ ਪਿੱਛੇ ਬੈਠੇ ਆਰ.ਐੱਸ.ਐੱਸ. ਦੇ ਏਜੰਟ ਬਾਦਲ ਵੱਲੋਂ ਹੋਇਆ ਹੈ, ਜਦਕਿ ਸਮੁੱਚੇ ਸਿੱਖ ਜਗਤ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਹੁਕਮਨਾਮਾ ਪੰਜ ਸਿੰਘ ਸਾਹਿਬਾਨ ਨੇ ਜਾਰੀ ਕੀਤਾ ਜੋ ਕਿ ਝੂਠ ਦਾ ਪੁਲੰਦਾ ਹੈ ਅਤੇ ਖਾਲਸਾ ਪੰਚਾਇਤ ਨੇ ਸਮੁੱਚੇ ਸਿੱਖ ਜਗਤ ਨੂੰ ਪੁਰਜੋਰ ਅਪੀਲ ਕੀਤੀ ਕਿ ਆ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਮਰਿਯਾਦਾ ਨੂੰ ਬਰਕਰਾਰ ਰੱਖਣ ਲਈ ਅਤੇ ਅਕਾਲ ਤਖਤ ਦੀ ਮਰਿਯਾਦਾ ਨੂੰ ਕਾਇਮ ਰੱਖਣ ਲਈ ਪੰਥ ਅੰਦਰ ਛੁਪੇ ਘੁਸਪੈਠੀਆਂ ਦੀ ਪਛਾਣ ਕਰਕੇ ਨਿਖੇੜਾ ਕੀਤਾ ਜਾਵੇ ਤਾਂ ਜੋ ਗੁਰੂ ਕੀ ਗੋਲਕ ਦੀਆਂ ਚਾਬੀਆਂ ਬਾਦਲ ਤੋਂ ਵਾਪਸ ਲਈਆਂ ਜਾ ਸਕਣ।

# ਦੀਵਾਲੀ ਸਕੂਲ ਵਿਖੇ ਇਨਾਮ ਵੰਡ ਸਮਾਰੋਹ

ਜਲੰਧਰ, 5 ਫਰਵਰੀ (ਬਿੰਦਰ ਬਸਰਾ)-ਸਰਕਾਰੀ ਹਾਈ ਸਕੂਲ ਦੀਵਾਲੀ (ਜਲੰਧਰ) ਵਿਖੇ ਇਨਾਮ ਵੰਡ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਜੁਗਿੰਦਰ ਦਾਸ ਮਕਸੂਦਪੁਰੀ, ਜ਼ਿਲ੍ਹਾ ਸਿੱਖਿਆ ਅਫਸਰ (ਸ) ਜਲੰਧਰ ਦੁਆਰਾ ਸੈਸ਼ਨ 2008-09 ਦੀ ਸਾਲਾਨਾ ਪ੍ਰੀਖਿਆ ਵਿੱਚੋਂ ਚੰਗੇ ਅੰਕ ਪ੍ਰਾਪਤ ਕਰਨ ਵਾਲੇ 16 ਵਿਦਿਆਰਥੀਆਂ, ਜ਼ੋਨਲ ਟੂਰਨਾਮੈਂਟ (ਅਥਲੈਟਿਕਸ) ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਦੋ ਵਿਦਿਆਰਥੀਆਂ ਅਤੇ ਸਕੂਲ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾ ਨੂੰ ਸਕੂਲ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਗਮ ਨੂੰ ਸ੍ਰੀਮਤੀ ਸਵਿੱਤਰੀ ਦੇਵੀ ਦੇ ਉੱਦਮ ਸਦਕਾ ਸ੍ਰੀ ਦਿਨੇਸ਼ ਕੁਮਾਰ ਧੀਰ ਵੱਲੋਂ ਉਨ੍ਹਾਂ ਦੇ ਪਿਤਾ ਸ੍ਰੀ ਜਵਾਹਰ ਲਾਲ ਧੀਰ ਦੀ ਯਾਦ ਵਿੱਚ ਸਪੌਂਸਰ ਕੀਤਾ ਗਿਆ। ਇਸ ਮੌਕੇ ਸ੍ਰੀ ਦਿਨੇਸ਼ ਕੁਮਾਰ ਧੀਰ ਨੇ ਸਮਾਗਮ ਦਾ ਖਰਚਾ ਚੁੱਕਣ ਤੋਂ ਇਲਾਵਾ ਸਕੂਲ ਵਿਚ ਨਵੇਂ ਬਣੇ ਕਿਚਨ ਸ਼ੈੱਡ ਦੇ ਰਹਿੰਦੇ ਦਰਵਾਜ਼ੇ ਅਤੇ ਖਿੜਕੀਆਂ ਲਗਵਾ ਕੇ ਦੇਣ ਦਾ ਵੀ ਐਲਾਨ ਕੀਤਾ। ਪ੍ਰਵਾਸੀ ਭਾਰਤੀ ਸ੍ਰੀ ਸਰਵਣ ਲਾਲ (ਪਸਵਕ ਚੇਅਰਮੈਨ ਸ੍ਰੀ ਕਰਨੈਲ ਦਾਸ ਦੇ ਭਰਾ) ਨੇ ਸਕੂਲ ਦੇ ਹੀ ਸ੍ਰੀਮਤੀ ਦੀਪਇੰਦਰ ਕੌਰ (ਪੰਜਾਬੀ ਮਿਸਟ੍ਰੈੱਸ) ਅਤੇ ਸਕੂਲ ਤੋਂ ਰਿਟਾਇਰ ਹੋ ਚੁੱਕੇ ਸ੍ਰੀਮਤੀ ਕਮਲੇਸ਼ ਪਰਿਹਾਰ (ਐਸ.ਐਸ. ਮਿਸਟ੍ਰੈਸ) ਨੇ ਸਕੂਲ ਦੀ ਕੰਪਿਊਟਰ ਲੈਬ ਲਈ ਲੇਜ਼ਰ ਪ੍ਰਿੰਟਰ ਦਾਨ ਕੀਤਾ। ਇਥੇ ਹਾਜ਼ਰ ਸ੍ਰੀ ਦਰਸ਼ਨ ਸਿੰਘ ਕਾਮਰੇਡ, ਸ੍ਰੀ ਕਰਨੈਲ ਸਿੰਘ, ਸ੍ਰੀਮਤੀ ਸਵਿੱਤਰੀ ਦੇਵੀ, ਸ੍ਰੀ ਸੁਰਿੰਦਰ ਸਿੰਘ ਪੰਚ ਅਤੇ ਸ੍ਰੀ ਬਲਵੰਤ ਰਾਏ (ਮਾਪਾ) ਹਰੇਕ ਨੇ 5-5 ਸੌ ਰੁਪਏ ਸਕੂਲ ਨੂੰ ਦਾਨ ਦਿੱਤੇ। ਹਾਜ਼ਰ ਸਰੋਤਿਆਂ ਨੇ ਮੁੱਖ ਅਧਿਆਪਕ ਸ੍ਰੀ ਮਦਨ ਗੋਪਾਲ ਸਿੰਘ, ਸ੍ਰੀ ਗਿਆਨ ਚੰਦ (ਰਿਟਾ. ਲੈਕ.), ਸ੍ਰੀਮਤੀ ਸਵਿੱਤਰੀ ਦੇਵੀ, ਸ੍ਰੀ ਤਰਸੇਮ ਸਿੰਘ, ਸ੍ਰੀ ਰੱਖਾ ਰਾਮ ਤੇ ਸ੍ਰੀ ਦਰਸ਼ਨ ਸਿੰਘ ਕਾਮਰੇਡ ਨੇ ਵੀ ਸੰਬੋਧਨ ਕੀਤਾ।

# ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਲੱਗਾ ਨੌਕਰੀਆਂ ਦਾ ਮੇਲਾ

ਤਲਵੰਡੀ ਸਾਬੋ, 5 ਫਰਵਰੀ (ਰਣਜੀਤ ਸਿੰਘ ਰਾਜੂ)-ਬੀ.ਟੈੱਕ ਦੇ ਆਖਰੀ ਸਮੈਸਟਰ ਦੇ ਵਿਦਿਆਰਥੀਆਂ ਅਤੇ ਬਾਹਰਲੇ ਕਾਲਜ ਤੋਂ ਆਏ ਸੈਂਕੜੇ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ ਦੀਆਂ ਕੰਪਨੀਆਂ ਵਿੱਚ ਰੋਜ਼ਗਾਰ ਦਾ ਮੌਕਾ ਮੁਹੱਈਆ ਕਰਵਾਉਣ ਦੇ ਯਤਨ ਵਜੋਂ ਅੱਜ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਕਾਲਜ ਮੈਨੇਜਮੇਂਟ ਵੱਲੋਂ ਜੌਬ ਫੇਅਰ (ਨੌਕਰੀਆਂ ਦਾ ਮੇਲਾ) ਆਯੋਜਿਤ ਕੀਤਾ ਗਿਆ। ਕਾਲਜ ਸਮੂਹ ਦੇ ਉੱਪ ਚੇਅਰਮੈਨ ਸ੍ਰ. ਗੁਰਲਾਭ ਸਿੰਘ ਦੀ ਰਹਿਨੁਮਾਈ ਹੇਠ ਕਰਵਾਏ ਜਾ ਰਹੇ ਮੇਲੇ ਦੇ ਪਹਿਲੇ ਦਿਨ ਦਾ ਉਦਘਾਟਨ ਕਾਲਜ ਸਮੂਹ ਦੇ ਡਾਇਰੈਕਟਰ ਡਾ. ਨਰਿੰਦਰ ਸਿੰਘ ਨੇ ਕੀਤਾ। ਦੋ ਦਿਨ ਚੱਲਣ ਵਾਲੇ ਜੌਬ ਫੇਅਰ ਦੇ ਪਹਿਲੇ ਦਿਨ ਅੱਜ 14 ਕਾਲਜਾਂ ਦੇ ਗਰੀਬ 390 ਵਿਦਿਆਰਥੀਆਂ ਨੇ ਹਿੱਸਾ ਲਿਆ।

# ਦੋ ਰੋਜ਼ਾ ਪੇਂਡੂ ਖੇਡ ਮੇਲਾ ਕਰਵਾਇਆ

ਨੂਰਪੁਰ ਬੇਦੀ, 5 ਫਰਵਰੀ (ਬਲਵਿੰਦਰ ਰੈਂਤ)-ਇੱਥੋਂ ਨਜ਼ਦੀਕੀ ਪਿੰਡ ਸਰਾਂ ਪੱਤਣ ਵਿਖੇ ਸੰਨ 1982 ਦੇ ਧਰਮ ਯੁੱਧ ਮੋਰਚੇ ਦੌਰਾਨ ਸ਼ਹੀਦ ਹੋਏ 34 ਸਿੰਘਾਂ ਦੀ ਯਾਦ ਵਿੱਚ ਦੋ ਰੋਜ਼ਾ ਪੇਂਡੂ ਖੇਡ ਮੇਲਾ ਕਾਰ ਸੇਵਾ ਵਾਲੇ ਬਾਬਾ ਸਵਰਨ ਸਿੰਘ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਖੇਡ ਮੇਲੇ ਦੌਰਾਨ ਹੋਏ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਸੰਤ ਅਜੀਤ ਸਿੰਘ ਨੇ ਸ਼ਿਰੱਕਤ ਕੀਤੀ। ਇਨਾਮ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੰਤ ਅਜੀਤ ਸਿੰਘ ਨੇ ਸਪੋਰਟਸ ਕਲੱਬਾਂ ਨੂੰ ਵੱਧ ਚੜ੍ਹਕੇ ਅਜਿਹੇ ਖੇਡ ਮੇਲੇ ਆਯੋਜਿਤ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਉਨ੍ਹਾਂ ਖੇਡ ਮੇਲੇ ਲਈ 11 ਹਜ਼ਾਰ ਰੁਪਏ ਦੀ ਸਹਾਇਤਾ ਵੀ ਕੀਤੀ। ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਐੱਸ.ਐੱਸ.ਪੀ. ਇਕਬਾਲ ਸਿੰਘ, ਪ੍ਰਬੰਧਕ ਬਾਬਾ ਸਵਰਨ ਸਿੰਘ, ਭਗਤ ਸਿੰਘ ਚਨੌਲੀ, ਜਰਨੈਲ ਸਿੰਘ ਔਲਖ, ਜਥੇਦਾਰ ਮੋਹਣ ਸਿੰਘ ਡੂੰਮੇਵਾਲ, ਸ਼੍ਰੋਮਣੀ ਕਮੇਟੀ ਮੈਂਬਰ, ਗੁਰਿੰਦਰ ਸਿੰਘ ਗੋਗੀ, ਸਾਬਕਾ ਵਿਧਾਇਕ ਮਾਸਟਰ ਤਾਰਾ ਸਿੰਘ ਲਾਡਲ, ਇੰਦਰਜੀਤ ਸਿੰਘ ਅਰੋੜਾ, ਹਰਦੇਬ ਸਿੰਘ ਦੇਬੀ ਆਦਿ ਹਾਜ਼ਰ ਸਨ। ਇਸ ਟੂਰਨਾਮੈਂਟ ਦੇ ਨਤੀਜਿਆਂ 'ਚ ਗੁਰੂ ਅੰਗਦ ਦੇਵ ਕਲੱਬ ਫਗਵਾੜਾ ਨੇ ਪੰਜਾਬ ਸਟਾਈਲ ਕਬੱਡੀ ਦੇ ਰੋਚਕ ਮੁਕਾਬਲੇ 'ਚ ਮਾਨੂਪੁਰ ਅਕੈਡਮੀ ਦੀ ਟੀਮ ਨੂੰ ਇੱਕ ਨੰਬਰ ਦੇ ਫਰਕ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਜੇਤੂ ਟੀਮ ਨੂੰ ਵਿਧਾਇਕ ਸੰਤ ਅਜੀਤ ਸਿੰਘ ਅਤੇ ਯੂਥ ਨੇਤਾ ਅਜੇਵੀਰ ਸਿੰਘ ਵੱਲੋਂ 51 ਹਜ਼ਾਰ ਰੁਪਏ, ਜਦਕਿ ਪ੍ਰਬੰਧਕਾਂ ਵੱਲੋਂ 41 ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ। ਇਸ ਤੋਂ ਪਹਿਲਾਂ ਵੈਸਟ ਰੇਡਰ ਤੇ ਜਾਫੀ ਐਲਾਨੇ ਗਏ ਸੰਦੀਪ ਲੱਲੀਆ, ਮੰਗਾ ਮਿੱਠਾਪੁਰੀਆ, ਅਨੀਕੇਤ, ਲੱਕੀ ਕੁਰਾਲੀ ਅਤੇ ਖਿਡਾਰੀ ਸੁਖਮਾਨ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਮੇਲੇ ਦੀ ਕੁਮੈਂਟਰੀ ਯੂਥ ਨੇਤਾ ਭਗਤ ਸਿੰਘ ਚਨੌਲੀ ਵੱਲੋਂ ਬਾਖੂਬੀ ਨਿਭਾਈ ਗਈ।

# ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਲੈ ਕੇ ਮੇਨ ਮਾਰਗ ਤੱਕ 108 ਸਜਾਵਟੀ ਬੂਟੇ ਲਗਾਏ

ਕਿਸ਼ਨਪੁਰਾ ਕਲਾਂ, 5 ਜਨਵਰੀ (ਗੁਰਕ੍ਰਿਪਾਲ ਸਿੰਘ ਸੋਨੀ)-ਸਥਾਨਕ ਪਿੰਡ ਕਿਸ਼ਨਪੁਰਾ ਕਲਾਂ (ਮੋਗਾ) ਵਿਖੇ ਸ੍ਰ. ਗੁਰਮੇਲ ਸਿੰਘ ਕਨੇਡੀਅਨ ਵੱਲੋਂ ਆਪਣੇ ਪਿਤਾ ਸਵ. ਸਰਦਾਰ ਬੰਤਾ ਸਿੰਘ ਜੀ ਨੰਬਰਦਾਰ ਦੀ ਯਾਦ ਵਿੱਚ ਪਿੰਡ ਦੀ ਸਮੂਹ ਪੰਚਾਇਤ ਅਤੇ ਪਿੰਡ ਦੇ ਹੋਰ ਪਤਵੰਤਿਆਂ ਨਾਲ ਮਿਲ ਕੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਲੈ ਕੇ ਮੇਨ ਸੜਕ ਤੱਕ 180 ਸਜਾਵਟੀ ਬੂਟੇ ਲਗਾਏ ਗਏ। ਇਨ੍ਹਾਂ ਨਾਲ ਮੌਜੂਦਾ ਸਰਪੰਚ ਬੀਬੀ ਪਰਮਜੀਤ ਕੌਰ, ਸੁਰਜੀਤ ਸਿੰਘ, ਜਸਪਾਲ ਸਿੰਘ (ਕੱਦੀ) ਮੈਂਬਰ ਪੰਚਾਇਤ, ਅਮਰਜੀਤ ਸਿੰਘ (ਅੰਬਾ) ਜਰਨੈਲ ਸਿੰਘ ਮੈਂਬਰ ਪੰਚਾਇਤ, ਗੁਰਮੀਤ ਸੂਕਾ, ਜਗਤਾਰ ਬਾਬਾ, ਭਗਵਾਨ ਸਿੰਘ, ਸਤਵੰਤ ਸਿੰਘ ਬਰਾੜ, ਅਮਰੀਕ ਸਿੰਘ ਕਨੇਡੀਅਨ, ਦਰਸ਼ਨ ਸਿੰਘ ਭਿੰਡਰ ਕਲਾਂ, ਅਮਰਜੀਤ ਸਿੰਘ ਕਨੇਡੀਅਨ ਅਤੇ ਹੋਰ ਪਿੰਡ ਦੇ ਪਤਵੰਤੇ ਸ਼ਾਮਿਲ ਸਨ। ਸ੍ਰ. ਗੁਰਮੇਲ ਸਿੰਘ ਅਤੇ ਪਿੰਡ ਦੀ ਪੰਚਾਇਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਪਿੰਡ ਦੀ ਹਰੇਕ ਸੜਕ ਉੱਪਰ ਹਰਿਆਵਲੀ ਅਤੇ ਸਜਾਵਟੀ ਬੂਟੇ ਲਗਾਉਣੇ ਹਨ ਅਤੇ ਪਿੰਡ ਦੀ ਹਰੇਕ ਗਲੀ, ਸੜਕ ਨੂੰ ਪੂਰੀ ਤਰ੍ਹਾਂ ਸਾਫ ਸੁੰਦਰ ਅਤੇ ਹਰਿਆ-ਭਰਿਆ ਬਣਾਵਾਂਗੇ।

# ਹਲਕਾ ਵਿਧਾਇਕ ਪਹੁੰਚੇ ਕਾਂਗਰਸੀਆਂ ਦੇ ਦੁੱਖ-ਸੁਖ 'ਚ ਸ਼ਾਮਲ ਹੋਣ

ਤਲਵੰਡੀ ਸਾਬੋ, 5 ਫਰਵਰੀ (ਰਣਜੀਤ ਸਿੰਘ ਰਾਜੂ)-ਇਲਾਕੇ ਦਾ ਕੋਈ ਵੀ ਕਾਂਗਰਸੀ ਵਰਕਰ ਜਾਂ ਆਗੂ ਆਪਣੇ ਆਪ ਨੂੰ ਇਕੱਲਾ ਨਾ ਸਮਝੇ। ਭਾਵੇਂ ਕੁਝ ਰਾਜਸੀ ਕਾਰਨਾਂ ਕਾਰਨ ਮੈਨੂੰ ਬਹੁਤ ਸਮਾਂ ਹਲਕੇ ਤੋਂ ਬਾਹਰ ਰਹਿਣਾ ਪੈ ਰਿਹਾ ਹੈ। ਪਰੰਤੂ ਜਦੋਂ ਵੀ ਕਿਸੇ ਕਾਂਗਰਸ ਦੇ ਦੁਖ ਸੁਖ ਦੀ ਸੂਚਨਾ ਮਿਲਦੀ ਹੈ ਤਾਂ ਮੈਂ ਸਾਰੇ ਰੁਝੇਵੇਂ ਛੱਡ ਕੇ ਪਹੁੰਚਦਾ ਹਾਂ। ਉਕਤ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਕਾਂਗਰਸੀ ਵਿਧਾਇਕ ਸ੍ਰ. ਜੀਤ ਮਹਿੰਦਰ ਸਿੰਘ ਸਿੱਧੂ ਨੇ ਕਰੀਬ ਅੱਧੀ ਦਰਜਨ ਪਿੰਡਾਂ ਦੇ ਦੌਰੇ ਤੋਂ ਬਾਅਦ ਤਲਵੰਡੀ ਸਾਬੋ ਵਿਖੇ ਕਾਂਗਰਸੀ ਆਗੂ ਛੋਟੂ ਰਾਮ ਗਿੱਲ ਦੀ ਮੌਤ 'ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

# ਫਿਰੋਜ਼ਪੁਰ ਦਾ ਡੀ.ਐੱਫ.ਸੀ. ਚੰਡੀਗੜ੍ਹ ਵਿੱਚ ਗ੍ਰਿਫਤਾਰ

ਫਿਰੋਜ਼ਪੁਰ, 5 ਫਰਵਰੀ (ਜੀ.ਐੱਸ. ਕਾਲੜਾ)-ਫਿਰੋਜ਼ਪੁਰ ਦੇ ਪਿੰਡ ਕਾਸੂਬੇਗੂ ਵਿੱਚ ਨੂਰ ਰਾਈਸ ਮਿੱਲ ਵਿੱਚ ਰੱਖਿਆ ਕਰੀਬ ਸਾਢੇ ਸੱਤ ਕਰੋੜ ਰੁਪਏ ਦਾ ਧਾਨ ਪਿਛਲੇ ਦੋ ਮਹੀਨਿਆਂ ਤੋਂ ਖੁਰਦ ਬੁਰਦ ਹੋ ਗਿਆ ਸੀ। ਜਿਸ ਦੀ ਸ਼ਿਕਾਇਤ ਡੀ.ਐੱਫ.ਐੱਸ.ਸੀ. ਨੇ ਦਸੰਬਰ ਮਹੀਨੇ ਦੇ ਸ਼ੁਰੂ ਵਿੱਚ ਥਾਣਾ ਸਦਰ ਵਿੱਚ ਨੂਰ ਰਾਈਸ ਮਿੱਲ ਦੇ ਮਾਲਕ ਸਤਵਿੰਦਰ ਸਿੰਘ, ਪੰਜਾਬ ਰਾਈਸ ਮਿੱਲ ਦੇ ਮਾਲਕ ਇੰਦਰਨੀਲ ਕੁੱਕੂ ਅਤੇ ਉਸ ਦੀ ਪਤਨੀ ਦੇ ਖਿਲਾਫ ਦਿੱਤੀ ਅਤੇ ਇਨ੍ਹਾਂ ਦੇ ਖਿਲਾਫ ਮੁਕੱਦਮਾ ਦਰਜ ਕਰਵਾਇਆ। ਜਾਂਚ ਕਰਨ ਤੋਂ ਬਾਅਦ ਪਤਾ ਲੱਗਾ ਕਿ ਸੁਖਦੇਵ ਸਿੰਘ ਡੀ.ਐੱਫ.ਐੱਸ.ਸੀ. ਇਸ ਵਿੱਚ ਕਸੂਰਵਾਰ ਸੀ। ਜਿਸ ਨੇ ਇਸ ਸ਼ੈਲਰ ਵਿੱਚ ਬਿਨਾਂ ਅਲਾਟਮੈਂਟ ਦੇ ਕਰੋੜਾਂ ਰੁਪਏ ਦਾ ਧਾਨ ਰਖਵਾਇਆ ਸੀ। ਅਨੇਕਾਂ ਖਾਮੀਆਂ ਹੋਣ ਦੇ ਬਾਵਜੂਦ ਵੀ ਇਸ ਸ਼ੈਲਰ ਨੂੰ ਲਾਇਸੈਂਸ ਦਿੱਤਾ ਗਿਆ। ਜਾਂਚ ਦੌਰਾਨ ਪੰਜ ਹੋਰ ਅਧਿਕਾਰੀ, ਜੋ ਇਸ ਨਾਲ ਸੰਬੰਧਿਤ ਹਨ, ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਦਵਿੰਦਰ ਕੌਰ ਅਤੇ ਬਲਵਿੰਦਰ ਸਿੰਘ ਪੁਲਿਸ ਪਹੁੰਚ ਤੋਂ ਬਾਹਰ ਹਨ। ਸੁਖਦੇਵ ਸਿੰਘ ਡੀ.ਐੱਫ.ਐੱਸ.ਸੀ. ਕਰੀਬ ਡੇਢ ਮਹੀਨੇ ਤੋਂ ਭਗੌੜਾ ਸੀ। ਜਿਸ ਸੰਬੰਧੀ ਐੱਸ.ਐੱਸ.ਪੀ. ਨੇ ਸੁਖਦੇਵ ਸਿੰਘ ਦਾ ਸਕੈਚ ਜਾਰੀ ਕਰਵਾਇਆ ਤਾਂ ਕਿ ਉਹ ਵਿਦੇਸ਼ ਨਾ ਭੱਜ ਜਾਵੇ। ਇਸ ਸੰਬੰਧੀ ਸੀ.ਆਈ.ਏ. ਸਟਾਫ ਦੇ ਇੰਚਾਰਜ ਸਰਬਜੀਤ ਸਿੰਘ ਇੰਸਪੈਕਟਰ ਫਿਰੋਜ਼ਪੁਰ ਛਾਉਣੀ ਦੀ ਨਿਗਰਾਨੀ ਹੇਠ ਇੱਕ ਟੀਮ ਬਣਾਈ, ਜਿਸ ਨੇ ਇਹ ਕਹਾਵਤ 'ਬੱਕਰੇ ਦੀ ਮਾਂ ਕੱਦ ਤੱਕ ਖੈਰ ਮਨਾਏਗੀ' ਸੱਚ ਕਰ ਵਿਖਾਈ ਅਤੇ ਚੰਡੀਗੜ੍ਹ ਵਿੱਚੋਂ ਬੜੀ ਹੁਸ਼ਿਆਰੀ ਨਾਲ ਉਸ ਡੀ.ਐੱਫ.ਐੱਸ.ਸੀ. ਨੂੰ ਗ੍ਰਿਫਤਾਰ ਕੀਤਾ, ਜੋ ਪੁਲਿਸ ਨੂੰ ਸਾਢੇ ਸੱਤ ਕਰੋੜ ਰੁਪਏ ਦੇ ਧਾਨ ਦੀ ਖੁਰਦ ਬੁਰਦ ਕਰਨ ਲਈ ਲੋੜੀਂਦਾ ਸੀ। ਬਹੁਤ ਹੀ ਹੁਸ਼ਿਆਰੀ ਅਤੇ ਸਮਝਦਾਰੀ ਨਾਲ ਉਸ ਨੂੰ ਸਿਵਲ ਜੱਜ ਸੀਨੀਅਰ ਡਵੀਜ਼ਨ ਸੀ.ਕੇ.ਕੇ. ਬਾਂਸਲ ਦੀ ਕੋਠੀ ਵਿਖੇ ਪੇਸ਼ ਕੀਤਾ ਗਿਆ। ਜਿੱਥੇ ਮਾਨਯੋਗ ਜੱਜ ਨੇ ਉਨ੍ਹਾਂ ਨੂੰ ਛੇ ਦਿਨ ਦੇ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ। ਪੁਲਿਸ ਜਾਂਚ ਅਤੇ ਰਿਮਾਂਡ ਨਾਲ ਕੁਝ ਹੋਰ ਵੀ ਸੁਰਾਗ ਮਿਲ ਸਕਦੇ ਹਨ। ਇਸ ਧਾਨ ਦੀ ਖੁਰਦ ਬੁਰਦ ਹੋਣ ਦੀ ਚਰਚਾ ਅਜੇ ਤੱਕ ਲੋਕਾਂ ਦੇ ਮਨਾਂ ਵਿੱਚ ਬੈਠੀ ਹੋਈ ਹੈ ਅਤੇ ਉਹ ਸਰਕਾਰ ਦੀ ਕਾਰਵਾਈ ਦੇਖਣਾ ਚਾਹੁੰਦੇ ਹਨ।

# ਡਾ. ਵਿਨੋਦ ਅਤੇ ਸਲੀਮ ਖਾਂ ਗਿੰਮੀ ਦੇ ਦੇਹਾਂਤ ਉੱਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 5 ਫਰਵਰੀ (ਮੋਤਾ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੇ ਉੱਘੇ ਵਿਦਵਾਨ, ਡਾ. ਟੀ.ਆਰ. ਵਿਨੋਦ ਅਤੇ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਉੱਘੇ ਗਲਪਕਾਰ ਜਨਾਬ ਸਲੀਮ ਖਾਂ ਗਿੰਮੀ ਦੇ ਇੰਤਕਾਲ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼ੋਕ ਸਭਾ ਮੌਕੇ ਸੰਬੋਧਨ ਕਰਦਿਆਂ ਵਿਭਾਗ ਦੇ ਮੁਖੀ 'ਤੇ ਪ੍ਰੋ. ਡਾ. ਧਰਮ ਸਿੰਘ ਨੇ ਕਿਹਾ ਕਿ ਡਾ. ਵਿਨੋਦ ਮਾਰਕਸਵਾਦੀ ਪੰਜਾਬੀ ਸਮੀਖਿਆ ਦੇ ਨਾਮਵਰ ਹਸਤਾਖਰ ਸਨ। ਉਨ੍ਹਾਂ ਕਿਹਾ ਕਿ ਪੰਜਾਬੀ ਨਾਵਲ, ਕਹਾਣੀ ਅਤੇ ਸੰਸਕ੍ਰਿਤੀ ਦੇ ਖੇਤਰਾਂ ਵਿੱਚ ਯਾਦਗਾਰੀ ਕੰਮ ਕੀਤਾ ਅਤੇ ਪੰਜਾਬੀ ਦੇ ਅਕਾਦਮਿਕ ਹਲਕਿਆਂ ਵਿੱਚ ਇੱਕ ਪ੍ਰਤਿਬੱਧ ਖੋਜੀ ਵਿਦਵਾਨ ਵਜੋਂ ਉਨ੍ਹਾਂ ਦਾ ਨਾਂਅ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੇ ਦੇਹਾਂਤ ਨਾਲ ਪੰਜਾਬ ਚਿੰਤਨ ਨੂੰ ਵੱਡਾ ਘਾਟਾ ਪਿਆ ਹੈ। ਜਨਾਬ ਗਿੰਮੀ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ ਨਾਵਲਾਂ ਅਤੇ ਕਹਾਣੀਆਂ ਵਿੱਚ ਪਾਕਿਸਤਾਨ ਦੇ ਤਾਨਾਸ਼ਾਹੀ 'ਤੇ ਧਾਰਮਿਕ ਕੱਟੜਤਾ ਵਾਲੇ ਮਾਹੌਲ ਦੇ ਬਾਵਜੂਦ ਪੰਜਾਬ ਦੀ ਸਾਂਝੀ ਰਹਿਤਲ ਦੀ ਬਾਤ ਪਾਈ। ਉਨ੍ਹਾਂ ਕਿਹਾ ਕਿ ਗਿੰਮੀ ਹੁਰਾਂ ਦੇ ਤੁਰ ਜਾਣ ਨਾਲ ਪੰਜਾਬੀਆਂ ਦੇ ਕਾਰਜਾਂ ਨੂੰ ਵੱਡਾ ਧੱਕਾ ਲੱਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਅਧਿਐਨ ਸਕੂਲ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹੈ।

# ਪੈਦਲ ਚੱਲਣ ਵਾਲੇ ਹੁਣ ਚੱਲਣਗੇ ਫੁੱਟਪਾਥਾਂ 'ਤੇ

ਨੰਗਲ 5 ਫਰਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਜਿਸ ਤਰ੍ਹਾਂ ਤੇਜ਼ ਗਤੀ ਨਾਲ ਚੱਲਣ ਵਾਲੇ ਵਾਹਨਾਂ ਦੀ ਸੜਕਾਂ ਦੇ ਉਪੱਰ ਗਿਣਤੀ ਵੱਧ ਰਹੀ ਹੈ ਉਸ ਦੇ ਨਾਲ ਦੁਰਘਟਨਾਵਾਂ ਹੋਣ ਦਾ ਅੰਦੇਸ਼ਾ ਵੀ ਬਣਿਆ ਰਹਿੰਦਾ ਹੈ। ਇਸ ਸਭ ਕੁੱਝ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਭਾਖੜਾ ਡੈਮ ਦੇ ਨੰਗਲ ਟਾਉਨ ਸ਼ਿਪ ਵਿਭਾਗ ਵਲੋਂ ਪੈਦਲ ਚੱਲਣ ਵਾਲੇ ਲੋਕਾਂ ਦੀ ਸਹੂਲਤ ਲਈ ਮੁੱਖ ਸੜਕਾਂ ਦੇ ਇਰਧ ਗਿਰਧ ਫੁੱਟਪਾਥ ਬਣਾਉਂਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਖੜਾ ਡੈਮ ਦੇ ਚੀਫ ਇੰਜੀਨਿਅਰ ਸ੍ਰ. ਬਲਦੇਵ ਸਿੰਘ ਅਤੇ ਕਾਰਜਕਾਰੀ ਇੰਜੀਨਿਅਰ ਟਾਉਨ ਸ਼ਿਪ ਵਿਭਾਗ ਸ੍ਰ. ਹਰਮਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਮੁੱਖ ਸੜਕਾਂ ਦੇ ਉਤੇ ਤੇਜ਼ ਗਤੀ ਨਾਲ ਚੱਲਣ ਵਾਲੇ ਵਾਹਨਾਂ ਦੇ ਕਾਰਣ ਦੁਰਘਟਨਾਵਾਂ ਨੂੰ ਰੋਕਣ ਲਈ ਇਹ ਫੁੱਟਪਾਥ ਬਣਾਏ ਜਾ ਰਹੇ ਹਨ ਤਾਂ ਕਿ ਪੈਦਲ ਚੱਲਣ ਵਾਲੇ ਰਾਹਗੀਰ ਅਤੇ ਸੈਰ ਕਰਨ ਵਾਲੇ ਲੋਕ ਜਿਥੇ ਸੁਰਿਖਅਤ ਆ ਜਾ ਸਕਣਗੇ ਉਥੇ ਕਿਸੇ ਪ੍ਰੇਸ਼ਾਨੀ ਤੋਂ ਸੈਰ ਵੀ ਕਰ ਸਕਣਗੇ।

# ਕ੍ਰਿਕਟ ਟੂਰਨਾਮੈਂਟ ਵਿੱਚ ਕਿੱਲੀ ਨਿਹਾਲ ਸਿੰਘ ਵਾਲਾ ਜੇਤੂ

ਗੋਨਿਆਣਾ ਮੰਡੀ, 5 ਫਰਵਰੀ (ਸਤਪਾਲ ਬਾਂਸਲ)-ਸ਼ਹੀਦ ਉਧਮ ਸਿੰਘ ਸਪੋਰਟਸ ਐਂਡ ਵੈੱਲਫੇਅਰ ਕਲੱਬ ਕੋਠੇ ਗਹਿਰੀ ਵਾਲੇ (ਮਹਿਮਾ ਸਰਜਾ) ਵੱਲੋਂ ਚਾਰ ਦਿਨਾਂ ਕਾਸਕੋ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਜਿਸ ਦਾ ਉਦਘਾਟਨ ਜਥੇਦਾਰ ਇੰਦਰਜੀਤ ਸਿੰਘ ਗੁਰਦੁਆਰਾ ਸਾਹਿਬ ਲੱਖੀ ਜੰਗਲ ਦੇ ਕੀਤਾ। ਜਦੋਂ ਕਿ ਇਨਾਮ ਵੰਡ ਦੀ ਰਸਮ ਮਹਿਮਾ ਸਰਜਾ ਦੇ ਸਰਪੰਚ ਜਗਜੀਤ ਸਿੰਘ ਨੇ ਨਿਭਾਈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਛੱਡ ਕੇ ਖੇਡਾਂ ਵੱਲ ਧਿਆਨ ਦੇਣ ਅਤੇ ਆਪਣੇ ਪਰਿਵਾਰ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ। ਉਨ੍ਹਾਂ ਨੇ ਆਪਣੇ ਨਿੱਜੀ ਫੰਡ ਵਿੱਚੋਂ ਕਲੱਬ ਦੀ ਸਹਾਇਤਾ ਵੀ ਕੀਤੀ। ਕ੍ਰਿਕਟ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਕਿੱਲੀ ਨਿਹਾਲ ਸਿੰਘ ਵਾਲਾ ਨੇ ਹਾਸਲ ਕਰਕੇ 3720 ਰੁਪਏ ਦਾ ਨਗਦ ਇਨਾਮ ਪ੍ਰਾਪਤ ਕੀਤਾ ਹੈ। ਦੂਸਰਾ ਸਥਾਨ ਕੋਠੇ ਗਹਿਰੀ ਵਾਲੇ (ਮਹਿਮਾ ਸਰਜਾ) ਨੇ ਹਾਸਲ ਕਰਕੇ 2500 ਰੁਪਏ ਦਾ ਨਕਦ ਨਿਮ ਪ੍ਰਾਪਤ ਕੀਤਾ। ਰੱਸਾਕਸ਼ੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਅਕਾਲੀਆਂ-ਏ-ਅਤੇ ਦੂਸਰਾ ਸਥਾਨ ਮਹਿਮਾ ਸਰਜਾ ਨੇ ਹਾਸਲ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਬਲਕਰਨ ਸਿੰਘ, ਮੀਤ ਪ੍ਰਧਾਨ ਭੁਪਿੰਦਰ ਸਿੰਘ, ਸੈਕਟਰੀ ਕੁਲਵਿੰਦਰ ਸਿੰਘ, ਸਰਬਜੀਤ ਸਿੰਘ, ਬਲਜੀਤ ਸਿੰਘ, ਨਿੱਕਾ ਸਿੰਘ ਨੋਨੀ, ਜਸਪਾਲ ਸਿੰਘ, ਇਕਬਾਲ ਸਿੰਘ, ਗੁਰਵੀਰ ਸਿੰਘ, ਜਸਵਿੰਦਰ ਸਿੰਘ, ਸੁਖਜਿੰਦਰ ਸਿੰਘ ਆਦਿ ਹਾਜ਼ਰ ਸਨ।

# ਬਾਬਾ ਨਾਮਦੇਵ ਜੀ ਜਨਮ ਦਿਹਾੜਾ ਮਨਾਇਆ

ਰੁੜਕੇ, 5 ਫਰਵਰੀ (ਡਾ. ਬਿੰਦੀ)-ਪਿੰਡ ਦੀ ਲੱਧਾ ਪੱਤੀ ਦੀ ਧਰਮਸ਼ਾਲਾ ਵਿਖੇ ਬਾਬਾ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। 30 ਜਨਵਰੀ ਨੂੰ ਪ੍ਰਕਾਸ਼ ਕੀਤੇ ਅਖੰਡ ਪਾਠਾਂ ਦੇ ਭੋਗ 1 ਫਰਵਰੀ ਨੂੰ ਪਾਏ ਗਏ।

# ਸਮਾਗਮ, ਸਾਹਿਤਕ ਮੇਲੇ ਦਾ ਰੂਪ ਧਾਰਨ ਕਰ ਗਿਆ

ਸਾਹਿਤ ਸਭਾ ਧੂਰੀ (ਰਜਿ.) ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਸ਼ੌਂਕੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਸਾਹਿਤ ਸਭਾ ਧੂਰੀ (ਰਜਿ.) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਸਹਿਯੋਗ ਨਾਲ ਸ਼ਾਨਦਾਰ ਸਾਲਾਨਾ ਸਨਮਾਨ ਸਮਾਰੋਹ ਤੇ ਵਿਸ਼ਾਲ ਕਵੀ ਦਰਬਾਰ ਮਾਡਰਨ ਸੈਕੂਲਰ ਪਬਲਿਕ ਸਕੂਲ ਧੂਰੀ ਦੇ ਵੱਡੇ ਹਾਲ ਵਿੱਚ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਤੇਜਵੰਤ ਮਾਨ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਨੇ ਕੀਤੀ, ਇਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਬਲਵੀਰ ਕੌਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਸ੍ਰੀ ਸੀ.ਆਰ. ਮੋਦਗਿੱਲ ਡਾਇਰੈਕਟਰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹਰਿਆਣਾ, ਸ੍ਰੀ ਪਵਨ ਹਰਚੰਦਪੁਰੀ ਪ੍ਰਧਾਨ ਸਾਹਿਤ ਸਭਾ ਧੂਰੀ ਅਤੇ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ., ਸ੍ਰੀ ਵਿਜੈਇੰਦਰ ਸਿੰਗਲਾ ਮੈਂਬਰ ਲੋਕ ਸਭਾ ਹਲਕਾ ਸੰਗਰੂਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਵਿਸ਼ੇਸ਼ ਮਹਿਮਾਨ ਸਰਵ ਸ੍ਰੀ ਸੁਰਿੰਦਰ ਸਿੰਘ ਧੂਰੀ ਸਾਬਕਾ ਮੰਤਰੀ, ਧਨਵੰਤ ਸਿੰਘ ਸਾਬਕਾ ਵਿਧਾਇਕ ਧੂਰੀ, ਰਾਜਵੰਤ ਸਿੰਘ ਘੁੱਲੀ ਸਕੱਤਰ ਪੰਜਾਬ ਕਾਂਗਰਸ, ਗੁਰਬਖਸ਼ ਸਿੰਘ ਗੁੱਡੂ ਸਕੱਤਰ ਪੰਜਾਬ ਕਾਂਗਰਸ, ਪ੍ਰੇਮ ਕੁਮਾਰ ਬਾਂਸਲ ਜਥੇਬੰਦਕ ਸਕੱਤਰ ਪੰਜਾਬ ਕਾਂਗਰਸ, ਜਗਜੀਤ ਸਿੰਘ ਡਾਇਰੈਕਟਰ ਮਾਡਰਨ ਗਰੁੱਪ ਆਫ ਇੰਸਟੀਚਿਊਨਜ਼, ਸੰਦੀਪ ਸਿੰਗਲਾ, ਬਲਜਿੰਦਰ ਸਿੰਘ ਬਿੱਲੂ, ਗੁਰਜੀਤ ਸਿੰਘ ਚਾਂਗਲੀ, ਸੰਤ ਕੁਮਾਰ ਧੂਰਾ, ਵਿਜੈ ਸੋਫਤ ਬਿੱਟੂ, ਸੋਮ ਪ੍ਰਕਾਸ਼ ਆਰੀਆ, ਹੰਸ ਰਾਜ ਗੁਪਤਾ, ਗੁਰਪਿਆਰ ਸਿੰਘ ਧੂਰਾ, ਡਾ. ਰਾਜਵੀਰ ਲਸੋਈ, ਰਣਧੀਰ ਸਿੰਘ ਪ੍ਰਦੇਸੀ ਸ਼ਾਮਿਲ ਹੋਏ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਆਏ ਪਤਵੰਤੇ ਸੱਜਣਾਂ ਨੂੰ ਜੀ ਆਇਆ ਕਿਹਾ।

350 ਤੋਂ ਉੱਪਰ ਲੇਖਕਾਂ ਅਤੇ ਸਰੋਤਿਆਂ ਨਾਲ ਭਰੇ ਖਚਾਖਚ ਹਾਲ ਵਿੱਚ ਸ਼੍ਰੋਮਣੀ ਸਾਹਿਤਕਾਰ ਸ੍ਰੀ ਓਮ ਪ੍ਰਕਾਸ਼ ਗਾਸੋ ਨੂੰ ਸਵ. ਸ੍ਰੀ ਮਹਿੰਦਰ ਸਿੰਘ ਮਾਨਵ ਯਾਦਗਾਰੀ ਸੱਤਵਾਂ "ਸਾਹਿਤ ਅਚਾਰੀਆ ਪੁਰਸਕਾਰ" ਸਾਹਿਤ ਅਤੇ ਆਲੋਚਨਾ ਲਈ ਪ੍ਰਦਾਨ ਕੀਤਾ ਗਿਆ। ਸ੍ਰੀ ਅੱਛਰੂ ਰਾਮ ਸ਼ਰਮਾ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਏ.ਪੀ. ਸੋਲਵੈਕਸ ਨੂੰ ਤੀਸਰਾ "ਪੰਜਾਬ ਦਾ ਮਾਣ ਪੁਰਸਕਾਰ" ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਏ.ਪੀ. ਸੋਲਵੈਕਸ ਦੇ ਡਾਇਰੈਕਟਰਾਂ ਸ੍ਰੀ ਵਿਜੈ ਕੁਮਾਰ ਗੁਪਤਾ ਅਤੇ ਸ੍ਰੀ ਪਵਨ ਕੁਮਾਰ ਸਿੰਗਲਾ ਨੇ ਉਨ੍ਹਾਂ ਦੀਆਂ ਵੱਡੀਆਂ ਪ੍ਰਾਪਤੀਆਂ ਅਤੇ ਮਿੱਟੀ ਦੇ ਮੋਹ ਲਈ ਪ੍ਰਦਾਨ ਕੀਤਾ ਗਿਆ। ਕਹਾਣੀ ਦੇ ਖੇਤਰ ਵਿੱਚ ਵੱਡੀਆਂ ਪੈੜਾਂ ਪਾਉਣ ਵਾਲੇ ਸ੍ਰੀ ਗੁਰਮੇਲ ਮਡਾਹੜ ਨੂੰ ਤੀਜਾ ਸਵ. ਅਜੀਤ ਸਿੰਘ ਪ੍ਰਦੇਸੀ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਸ੍ਰੀ ਜੰਗ ਸਿੰਘ ਮੀਮਸਾ ਜੀ ਨੂੰ ਖੇਡ ਸੱਭਿਆਚਾਰ, ਸਾਹਿਤ ਅਤੇ ਖੇਡ ਪ੍ਰਾਪਤੀਆਂ ਲਈ, ਵੈਦ ਬੰਤ ਸਿੰਘ ਸਾਰੋਂ ਜੀ ਨੂੰ ਸਾਹਿਤ ਪ੍ਰਾਪਤੀਆਂ ਲਈ, ਵਡੇਰੀ ਉਮਰ ਦੇ ਮੈਂਬਰਾਂ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਸਭਾ ਦੇ ਮੈਂਬਰਾਂ ਵੱਲੋਂ ਕੀਤੇ ਗਏ ਵਿਸ਼ੇਸ਼ ਕਾਰਜਾਂ ਲਈ ਸ੍ਰੀ ਰਣਜੀਤ ਅਲਾਲ ਜੀ ਨੂੰ ਲੇਖਕ ਅਤੇ ਕਲਾਕਾਰ ਵਜੋਂ, ਸ੍ਰੀ ਗੁਰਜੀਤ ਸਿੰਘ ਜਹਾਂਗੀਰ ਅਤੇ ਸਾਥੀਆਂ ਨੂੰ ਪਿੰਡ ਵਿੱਚ ਲਾਇਬ੍ਰੇਰੀ ਖੋਲ੍ਹਣ ਅਤੇ ਚਲਾਉਣ ਲਈ, ਡਾ. ਰਾਕੇਸ਼ ਸ਼ਰਮਾ ਜੀ ਨੂੰ ਪੰਦਰਵਾੜਾ ਅਖਬਾਰ "ਨਿਊਜ਼ ਐਕਸਪ੍ਰੈੱਸ" ਕੱਢਣ 'ਤੇ ਸਨਮਾਨਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਪਹੁੰਚੀਆਂ ਸਖਸ਼ੀਅਤਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਦੌਰਾਨ ਡਾ. ਤੇਜਵੰਤ ਮਾਨ ਜੀ ਦੀ ਆਲੋਚਨਾ ਦੀ ਪੁਸਤਕ "ਪ੍ਰਵੇਸ਼", ਸ੍ਰੀ ਪਵਨ ਹਰਚੰਦਪੁਰੀ ਜੀ ਦੀ ਖੋਜ ਪੁਸਤਕ "ਜੀਵਨ ਸੰਗਰਾਮ ਬਾਬਾ ਠਾਕੁਰ ਦਾਸ ਧੂਰਾ ਸੰਯੁਕਤ ਸਕੱਤਰ ਗਦਰ ਪਾਰਟੀ", ਸ੍ਰੀ ਸੁਰਿੰਦਰ ਸਿੰਘ ਰਾਜਪੂਤ ਜੀ ਦੀ ਇਤਿਹਾਸਕ ਪੁਸਤਕ "ਕੀ ਭਾਟ ਭਾਟਰੇ ਬ੍ਰਾਹਮਣ ਹਨ ਕਿ ਰਾਜਪੂਤ ?" ਸ੍ਰੀ ਜੈ ਰਾਮ ਨਿਰਦੋਸ਼ ਜੀ ਦੀ ਪੁਸਤਕ "ਮਹਿਕ ਅਮਨਾਂ ਦੀ" (ਬਾਲ ਕਾਵਿ ਸੰਗ੍ਰਹਿ), ਸ੍ਰੀ ਸੁਰਜੀਤ ਦੇਵਲ ਜੀ ਦੀ ਪੁਸਤਕ "ਬਾਲ ਜਗਾਵਾਂ" (ਬਾਲ ਕਾਵਿ ਸੰਗ੍ਰਹਿ), ਸ੍ਰੀ ਗੁਰਮੇਲ ਮਡਾਹੜ ਜੀ ਦੀ ਪੁਸਤਕ "ਅੰਦਰਲਾ ਸੱਚ" (ਕਹਾਣੀ ਸੰਗ੍ਰਹਿ) ਅਤੇ ਡਾ. ਰਾਕੇਸ਼ ਸ਼ਰਮਾ ਜੀ ਦਾ ਸੰਪਾਦ ਕੀਤਾ " ਨਿਊਜ ਐਕਸਪ੍ਰੈੱਸ" ਪੰਦਰਵਾੜਾ ਸਾਹਿਤ ਸਭਾ ਧੂਰੀ (ਰਜਿ.) ਦਾ ਵਿਸ਼ੇਸ਼ ਅੰਕ ਪ੍ਰਧਾਨਗੀ ਮੰਡਲ ਦੁਆਰਾ ਲੋਕ ਅਰਪਣ ਕੀਤੇ ਗਏ। ਪੰਡਾਲ ਬਣਾ ਕੇ ਲਾਈਆਂ ਗਈਆਂ ਚਿੱਤਰ ਪ੍ਰਦਰਸ਼ਨੀਆਂ ਵਿੱਚ ਸ੍ਰ. ਹਰਬੰਸ ਸਿੰਘ ਢਿੱਲੋਂ, ਬੀਬੀ ਖੁਸ਼ਦੀਪ ਕੌਰ, ਜਸਵੀਰ ਸਿੰਘ ਮਾਹੀ ਅਤੇ ਦੁਲਾਰਾ ਚਿੱਤਰਕਾਰ ਵੱਲੋਂ ਬਣਾਏ ਚਿੱਤਰ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ। ਭਾਸ਼ਾ ਵਿਭਾਗ ਪੰਜਾਬ ਅਤੇ ਸੰਗਮ ਪਬਲੀਕੇਸ਼ਨ ਸਮਾਣਾ ਦੀਆਂ ਪੁਸਤਕ ਪ੍ਰਦਰਨੀਆਂ ਵਿੱਚ ਪਾਠਕਾਂ ਦੀ ਭੀੜ ਜੁੜੀ ਰਹੀ। ਇਹ ਸਮਾਗਮ ਇੱਕ ਸਾਹਿਤਕ ਮੇਲੇ ਦਾ ਰੂਪ ਧਾਰਨ ਕਰ ਗਿਆ।

"ਗਿਆਨ ਪੀਠ ਪੁਰਸਕਾਰ" ਜੇਤੂ ਮਹਾਨ ਲੇਖਿਕਾ ਅੰਮ੍ਰਿਤਾ ਪ੍ਰੀਤਮ ਜੀ ਨੂੰ ਕਵੀ ਦਰਬਾਰ ਵਿੱਚ ਸਰਵ ਸ੍ਰੀ ਬੌਬੀ ਪੰਧੇਰ, ਬੀਬੀ ਮਨਦੀਪ ਕੌਰ, ਬੀਬੀ ਨਵਦੀਪ ਕੌਰ ਹਰਚੰਦਪੁਰ, ਭਗਵੰਤ ਸਿੰਘ ਧੂਰੀ, ਭੁਪਿੰਦਰ ਸਿੰਘ ਫੱਕਰ, ਅਸ਼ਵਨੀ ਕੁਮਾਰ ਬਾਗੜੀਆ, ਮਿਲਖਾ ਸਿੰਘ ਸੁਨੇਹੀ, ਦਲਵਾਰਾ ਸਿੰਘ, ਧਰਮਜੀਤ ਤੁੰਗਾ, ਸਤਿਗੁਰ ਸੱਤੀ, ਰਵੀ ਨਿਰਦੋਸ਼, ਧਰਮਪਾਲ ਅਨਵਰ ਅਮਲੋਹੀ, ਅਸ਼ੋਕ ਚਟਾਨੀ ਮੋਗਾ, ਸੁਖਦੇਵ ਸਿੰਘ ਔਲਖ, ਵਿੱਕੀ ਧੂਰੀ, ਨਿਰਮਲ ਗਿੱਲ, ਜੁਗਰਾਜ ਧੌਲਾ, ਲਛਮਣ ਸਿੰਘ ਕੱਕੜਵਾਲ, ਗੁਰਜੰਟ ਸਿੰਘ ਮੀਮਸਾ, ਡਾ. ਗੁਰਬਚਨ ਸਿੰਘ ਝਨੇੜੀ, ਸੱਤਪਾਲ ਪਰਾਸ਼ਰ, ਭਗਤ ਰਾਮ ਸ਼ਰਮਾ, ਕ੍ਰਿਸ਼ਨ ਬੇਤਾਬ, ਗੁਰਮੇਲ ਗਿੱਲ, ਬਲਕਾਰ ਔਲਖ, ਤਰਲੋਚਨ ਮੀਰ, ਸੀਤਲ ਸਿੰਘ ਝਿੱਕਾ, ਡਾ. ਮੱਖਣ ਸਿੰਘ ਬੈਂਸ, ਚਰਨਜੀਤ ਕੈਂਥ, ਡਾ. ਰਾਜਿੰਦਰਪਾਲ, ਨਵਿੰਦਰ ਪੰਧੇਰ, ਕ੍ਰਿਸ਼ਨ ਚੰਦ ਗਰਗ, ਸੰਤ ਸਿੰਘ ਧੂਰੀ, ਨਰਿੰਦਰ ਸਿੰਘ ਧੂਰੀ, ਕਰਤਾਰ ਸਿੰਘ ਨੁੱਲੀਵਾਲ, ਸੁਖਦੇਵ ਸ਼ਰਮਾ, ਰਣਜੀਤ ਭਸੀਨ, ਬਿੰਨੀ ਗਰਗ, ਅਸ਼ੋਕ ਭੰਡਾਰੀ, ਨਰੰਜਣ ਸਿੰਘ ਦੋਹਲਾ, ਅਮਰਜੀਤ ਅਮਨ, ਪੰ. ਰਾਮ ਮੂਰਤੀ, ਹਰਦੀਪ ਸਿੰਘ ਭੂਦਨ, ਉਂਕਾਰ ਸਿੰਘ ਸ਼ੌਂਕੀ, ਚਮਨਦੀਪ ਦਿਉਲ, ਸੁਰਜੀਤ ਰਾਜੋਮਾਜਰਾ, ਜਤਿੰਦਰ ਮਾਨਵ, ਜਗਦੀਸ਼ ਸਿੰਘ ਖੀਪਲ, ਰਤਨ ਸਿੰਘ ਭੰਡਾਰੀ, ਪੁਸ਼ਪਿੰਦਰ ਸਿੰਘ ਪੁਸ਼ਪ, ਪਰਸਨ ਸਿੰਘ ਬੀਹਲਾ, ਯਾਦਵਿੰਦਰ ਯਾਦਵ, ਗਿਆਨੀ ਰਾਮ ਲਾਲ, ਪ੍ਰਸ਼ੋਤਮ ਭਾਰਦਵਾਜ, ਬਲਜੀਤ ਸਿੰਘ ਸੱਪਲ, ਅਵਤਾਰ ਸਿੰਘ ਸਿੱਧੂ, ਡਾ. ਕਮਲਜੀਤ ਸਿੰਘ ਟਿੱਬਾ, ਲਾਲ ਸਿੰਘ ਜਹਾਂਗੀਰ, ਅੰਮ੍ਰਿਤਪਾਲ ਮਡਾਹੜ ਆਦਿ ਨੇ ਭਾਗ ਲਿਆ। ਇਸ ਸਮੇਂ ਕਰਮ ਸਿੰਘ ਮਾਨ ਪ੍ਰਧਾਨ ਪੈਨਸ਼ਨਰਜ਼ ਯੂਨੀਅਨ, ਕੁਲਵੰਤ ਸਿੰਘ, ਸੁਖਦੇਵ ਸਿੰਘ ਰਾਜੋਮਾਜਰਾ, ਬੀਰਬਲ ਦਾਸ ਕਾਨੂੰਗੋ, ਹਰਬੰਸ ਸਿੰਘ ਸੋਢੀ ਆਦਿ ਸ਼ਾਮਿਲ ਹੋਏ।

ਇਸ ਸਮਾਗਮ ਸਮੇਂ ਡਾ. ਬਲਵੀਰ ਕੌਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਆਪਣੇ ਸੰਬੋਧਨੀ ਸ਼ਬਦਾਂ ਵਿੱਚ ਪੜ੍ਹੀਆਂ ਰਚਨਾਵਾਂ ਤੇ ਸਮਾਗਮ ਸਬੰਧੀ ਤਸੱਲੀ ਪ੍ਰਗਟ ਕਰਦਿਆਂ ਬੇਹੱਦ ਖੁਸ਼ੀ ਮਹਿਸੂਸ ਕੀਤੀ। ਸਭਾ ਨੂੰ 5000 ਰੁਪਏ ਦੇਣ ਦਾ ਐਲਾਨ ਕੀਤਾ। ਸ੍ਰੀ ਸੀ.ਆਰ. ਮੋਦਗਿੱਲ ਨੇ ਆਪਣੇ ਭਾਸ਼ਣ ਰਾਹੀਂ ਸਭਾ ਵੱਲੋਂ ਸਨਮਾਨ ਵਿੱਚ ਪੁਸਤਕਾਂ ਦੇਣ ਦੀ ਪਾਈ ਪਿਰਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹਾ ਕਰਨ ਨਾਲ ਪਾਠਕ ਪੈਦਾ ਹੁੰਦੇ ਹਨ। ਘਰ-ਘਰ ਸਾਹਿਤ ਪਹੁੰਚਾਉਣ ਦਾ ਇਹ ਇੱਕ ਵਧੀਆ ਤੇ ਨਿਵੇਕਲਾ ਢੰਗ ਹੈ। ਮੈਂ ਅਜਿਹੇ ਕੀਤੇ ਕੰਮ ਦੀ ਰੱਜ ਕੇ ਵਡਿਆਈ ਕਰਦਾ ਹਾਂ।

ਡਾ. ਤੇਜਵੰਤ ਸਿੰਘ ਮਾਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਜਿਵੇਂ ਹਰਿਆਣਾ ਸਰਕਾਰ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਆਪ ਖਰੀਦਦੀ ਹੈ ਅਤੇ ਆਪ ਹੀ ਪੁਸਤਕਾਂ ਛਾਪਣ ਲਈ ਮਾਲੀ ਮੱਦਦ ਦਿੰਦੀ ਹੈ, ਸਾਡੀ ਸਰਕਾਰ ਅਜਿਹਾ ਕਿਉਂ ਨਹੀਂ ਕਰਦੀ ? ਸਾਡੀ ਸਰਕਾਰ ਨੇ ਦੋਵੇਂ ਕੇਂਦਰੀ ਸਭਾਵਾਂ ਨੂੰ 5-5 ਲੱਖ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਸੀ, ਜਿਸ ਨੂੰ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ, ਜੋ ਅਜੇ ਤੱਕ ਨਹੀਂ ਮਿਲੀ। ਸਰਕਾਰ ਪੰਜਾਬੀ ਭਾਸ਼ਾ ਲਾਗੂ ਕਰਨ, ਭਾਸ਼ਾ ਟ੍ਰਿਬਿਊਨਲ ਬਣਾਉਣ ਲਈ ਲੰਬੇ ਸਮੇਂ ਤੋਂ ਟਾਲ-ਮਟੋਲ ਕਰੀ ਜਾ ਰਹੀ ਹੈ। ਲੇਖਕਾਂ ਨਾਲ ਇੱਕ ਮਹੀਨੇ ਦਾ ਵਾਅਦਾ ਕਰਕੇ ਵੀ ਤਿੰਨ ਮਹੀਨੇ ਲੰਘਾ ਦਿੱਤੇ ਹਨ। ਸਾਡੀ ਇਹੋ ਮੰਗ ਹੈ ਕਿ ਪੰਜਾਬੀ ਭਾਸ਼ਾ ਨੂੰ ਰਾਜ ਵਿੱਚ ਬਣਦਾ ਰੁਤਬਾ ਦਿੱਤਾ ਜਾਵੇ। ਅੰਤ ਵਿੱਚ ਸਭਾ ਦੇ ਜਨਰਲ ਸਕੱਤਰ ਤੇ ਮੰਚ ਸੰਚਾਲਕ ਗੁਲਜ਼ਾਰ ਸਿੰਘ ਸ਼ੌਂਕੀ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਲੇਖਕਾਂ, ਪਾਠਕਾਂ ਦਾ ਧੰਨਵਾਦ ਕਰਦਿਆਂ ਲੰਗਰ ਛੱਕ ਕੇ ਜਾਣ ਦੀ ਬੇਨਤੀ ਕੀਤੀ। ਇਸ ਸਫਲ ਸਮਾਗਮ ਦੀ ਸਭਾ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ।

# ਸਫਾਈ ਲਈ ਸਾਮਾਨ ਤਕਸੀਮ

ਬਟਾਲਾ, 5 ਫਰਵਰੀ (ਪੱਤਰ ਪ੍ਰੇਰਕ)-ਬਟਾਲਾ ਅਧੀਨ ਪੈਂਦੇ ਸ਼ਹਿਰੀ ਖੇਤਰ ਇਸ ਸਾਫ ਸਫਾਈ ਨੂੰ ਲੈ ਕੇ ਸ਼ਹਿਰ ਦੀ ਸੁੰਦਰਤਾ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਨੂੰ ਮੱਦੇਨਜ਼ਰ ਸ਼ਹਿਰ ਵਾਸੀਆਂ ਦੀ ਸੁਖ ਸਹੂਲਤ ਲਈ ਨਗਰ ਕੌਂਸਲ ਦੀ ਪ੍ਰਧਾਨ ਸ੍ਰੀਮਤੀ ਅੰਬਿਕਾ ਖੰਨਾ ਵੱਲੋਂ 20.50 ਲੱਖ ਰੁਪਏ ਦੀ ਲਾਗਤ ਨਾਲ ਸਫਾਈ ਮੁਹਿੰਮ ਲਈ ਤਿਆਰ ਕੀਤਾ ਸਾਮਾਨ ਵੱਖ-ਵੱਖ ਵਾਰਡਾਂ ਵਿੱਚ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਸ਼ਹਿਰ ਦੀ ਗੰਦਗੀ ਚੁੱਕਣ ਲਈ ਵੱਖ-ਵੱਖ ਵਾਰਡਾਂ ਵਿੱਚ 100 ਹੱਥ ਰੇਹੜੀਆਂ, 40 ਰਿਕਸ਼ੇ, 2 ਟਰੈਕਟਰ ਟਰਾਲੀਆਂ ਦਿੱਤੀਆਂ, ਸ੍ਰੀਮਤੀ ਖੰਨਾ ਨੇ ਕਿਹਾ ਕਿ ਸ਼ਹਿਰਾਂ ਨੂੰ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ ਅਤੇ 33 ਵਾਰਡਾਂ ਵਾਲੀ ਨਗਰ ਕੌਂਸਲ ਬਿਨਾਂ ਕਿਸੇ ਪੱਖਪਾਤ ਤੋਂ ਹਰੇਕ ਰਾਜਨੀਤਕ ਪਾਰਟੀ ਨਾਲ ਸੰਬੰਧਿਤ ਨਗਰ ਕੌਂਸਲਰਾਂ ਨੂੰ ਵਾਰਡਾਂ ਦੀ ਸਾਫ-ਸਫਾਈ ਲਈ ਹੱਥ ਰੇਹੜੀਆਂ ਅਤੇ ਰਿਕਸ਼ੇ ਦਿੱਤੇ ਗਏ ਹਨ, ਜਦਕਿ ਦੋ ਨਵੇਂ ਟਰੈਕਟਰ ਟਰਾਲੀਆਂ ਵੀ ਸ਼ਹਿਰ ਦੀ ਗੰਦਗੀ ਨੂੰ ਚੁੱਕਣਗੀਆਂ। ਇਸ ਮੌਕੇ ਕੌਂਸਲ ਦੇ ਕਾਰਜ ਸਾਧਕ ਅਫਸਰ ਸ੍ਰ. ਮਨਮੋਹਨ ਸਿੰਘ, ਜ਼ਿਲ੍ਹਾ ਯੁਵਾ ਮੋਰਚਾ ਦੇ ਪ੍ਰਧਾਨ ਹੀਰਾ ਵਾਲੀਆ, ਭਾਜਪਾ ਮੰਡਲ ਪ੍ਰਧਾਨ ਅਸ਼ੋਕ ਮੋਦਗਿਲ ਅਤੇ ਜ਼ਿਲ੍ਹਾ ਭਾਜਪਾ ਪ੍ਰਧਾਨ ਨਰੇਸ਼ ਮਹਾਜਨ ਸਮੇਤ ਹੋਰ ਵੀ ਆਗੂ ਅਤੇ ਅਧਿਕਾਰੀ ਮੌਜੂਦ ਸਨ।